<u>ਪੰਜਾਬ ਸਕੂਲ ਸਿੱਖਿਆ ਬੋਰਡ</u>

ਵੱਲੋਂ

ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ।

ਵੱਲ

ਸਮੂਹ ਜ਼ਿਲ੍ਹਾ ਮੈਨੇਜਰ ਖੇਤਰੀ ਦਫ਼ਤਰ,
ਪੰਜਾਬ ਸਕੂਲ ਸਿੱਖਿਆ ਬੋਰਡ।

ਨੰ:ਪਸਸਬ-ਸੰਸ.ਟੀ.ਬੀ.ਸੀ.-2012/1250-1270
ਮਿਤੀ:7-3-2012

ਵਿਸ਼ਾ:- ਰਾਜ ਦੇ ਐਫਿਲੀਏਟਿਡ ਸਕੂਲਾਂ ਨੂੰ ਵਿਦਿਅਕ ਸਾਲ 2012-13 ਲਈ ਪਾਠ ਪੁਸਤਕਾਂ ਦੇਣ ਬਾਰੇ।

ਉਪਰੋਕਤ ਵਿਸ਼ੇ ਤੇ ਪਿਛਲੇ ਸਾਲ ਦੀ ਤਰ੍ਹਾਂ ਵਿਦਿਅਕ ਸਾਲ 2012-13 ਲਈ ਵੀ ਇੰਚਾਰਜ ਐਫਿਲੀਏਸ਼ਨ ਪੰਜਾਬ ਸਕੂਲ ਸਿੱਖਿਆ ਬੋਰਡ ਵੱਲੋਂ ਗਸ਼ਤੀ ਪੱਤਰ ਨੰ: ਪਸਸਬ-ਐਫੀ. 2011/4498-7498 ਮਿਤੀ 1-3-2011 ਰਾਹੀਂ ਰਾਜ ਦੀਆਂ ਐਫਿਲੀਏਟਿਡ ਸੰਸਥਾਵਾਂ ਦੇ ਮੁੱਖੀਆਂ ਨੂੰ ਹਦਾਇਤਾਂ ਭੇਜੀਆਂ ਗਈਆਂ ਸਨ ਕਿ ਉਹ ਆਪਣੀ ਸੰਸਥਾ ਵਿੱਚ ਪੜ੍ਹਦੇ ਘੱਟੋ-ਘੱਟ 60% ਵਿਦਿਆਰਥੀਆਂ ਲਈ ਆਪਣੇ ਨੇੜੇ ਦੇ ਬੋਰਡ ਦੇ ਖੇਤਰੀ ਦਫ਼ਤਰ ਤੋਂ ਪਾਠ ਪੁਸਤਕਾਂ ਦੀ ਹਰ ਹਾਲਤ ਵਿੱਚ ਖਰੀਦ ਕਰਨ। ਪਿਛਲੇ ਸਾਲ ਮਿਤੀ 1-3-2011 ਨੂੰ ਜਾਰੀ ਕੀਤੀਆਂ ਹਦਾਇਤਾਂ ਵਿੱਚ ਐਫਿਲੀਏਟਿਡ ਸਕੂਲਾਂ ਨੂੰ ਇਹ ਵੀ ਸੁਵਿਧਾ ਦਿੱਤੀ ਗਈ ਸੀ ਕਿ ਉਹਨਾਂ ਨੂੰ 15% ਡਿਸਕਾਊਂਟ ਤੇ ਦਿੱਤੀਆਂ ਜਾਣ ਵਾਲੀਆਂ ਇਹ ਪੁਸਤਕਾਂ ਦੀ ਜੇਕਰ ਸੰਸਥਾ ਮੁੱਖੀ ਵੱਲੋਂ ਮੌਕੇ ਤੇ ਅਦਾਇਗੀ ਕਰਨੀ ਸੰਭਵ ਨਾ ਹੋਣ ਦੀ ਸੂਰਤ ਵਿੱਚ ਪੁਸਤਕਾਂ ਇਸ ਸ਼ਰਤ ਤੇ ਦੇ ਦਿੱਤੀਆਂ ਜਾਣ ਕਿ ਉਹ ਮਿਤੀ 30-4-2011 ਤੱਕ ਖਰੀਦੀਆਂ ਗਈਆਂ ਪੁਸਤਕਾਂ ਦੀ ਬਣਦੀ ਰਾਸ਼ੀ ਸਬੰਧਤ ਖੇਤਰੀ ਦਫ਼ਤਰਾਂ ਦੇ ਮੈਨੇਜਰਾਂ ਪਾਸ ਜਮ੍ਹਾਂ ਕਰਵਾਉਣਗੇ। ਇਹ ਸੁਵਿਧਾ ਐਫਿਲੀਏਟਿਡ ਸਕੂਲਾਂ ਦੇ ਮੁੱਖੀਆਂ ਨੂੰ ਵਿਦਿਅਕ ਸਾਲ 2012-13 ਲਈ ਵੀ ਦੇਣੀ ਪ੍ਰਵਾਨ ਕੀਤੀ ਗਈ ਹੈ। ਇਹ ਵੀ ਨਿਰਣਾ ਲਿਆ ਗਿਆ ਹੈ ਕਿ ਜੇਕਰ ਕੋਈ ਸਕੂਲ ਮੁੱਖੀ ਮਿਤੀ 30-4-2012 ਤੱਕ ਖਰੀਦੀਆਂ ਪੁਸਤਕਾਂ ਦੀ ਬਣਦੀ ਅਦਾਇਗੀ ਬੋਰਡ ਦੇ ਖੇਤਰੀ ਦਫ਼ਤਰ ਵਿੱਚ ਜਮ੍ਹਾਂ ਨਹੀਂ ਕਰਵਾਉਂਦਾ ਤਾਂ ਉਸ ਸੂਰਤ ਵਿੱਚ ਡਿਫਾਲਟਰ ਸਕੂਲਾਂ ਨੂੰ ਜੁਰਮਾਨਾ ਲਗਾਉਣ ਦੇ ਨਾਲ-ਨਾਲ ਡਿਸਐਫਿਲੀਏਸ਼ਨ ਸਬੰਧੀ ਨੋਟਿਸ ਵੀ ਜਾਰੀ ਕੀਤਾ ਜਾ ਸਕਦਾ ਹੈ।

ਸੋ, ਸਮੂਹ ਜ਼ਿਲ੍ਹਾ ਮੈਨੇਜਰ ਉਪਰੋਕਤ ਅਨੁਸਾਰ ਲੋੜੀਂਦੀ ਕਾਰਵਾਈ ਕਰਨ ਦੀ ਖੇਚਲ ਕਰਨ।

(ਡਾ. ਬਲਵਿੰਦਰ ਸਿੰਘ)
ਸਕੱਤਰ
ਪੰਜਾਬ ਸਕੂਲ ਸਿੱਖਿਆ ਬੋਰਡ